ਰੇਡੀਓ ਲਵੀਵਾਰ- ਟਿਕਾਊ ਵਿਕਾਸ

ਕੜੀ-6, ਆ ਫੇਰ ਮੁੜ ਚੱਲੀਏ **(Let us Come Again)**

ਖੋਜ ਤੇ ਲੇਖਣ : ਨਵਨੀਤ ਕੁਮਾਰ ਗੁਪਤਾ

ਪੰਜਾਬੀ ਰੁਪਾਂਤਰ ਤੇ ਲੇਖਣ: ਭਾਰਤ ਗਿਆਨ ਵਿਗਿਆਨ ਸੰਮਤੀ ਪੰਜਾਬ ਤੇ ਚੰਡੀਗੜ੍ਹ

**(**In this episode we will discuss and talk about sustainable development. It is a way of development and progress in which we take careof our environment &surrounding without spoiling it. A progressive path without destroying our habitat and mother Earth.**)**

ਪਾਤਰ

ਇਸਤਰੀ ਸੂਤਰਧਾਰ

ਪੁਰਸ਼ ਸੂਤਰਧਾਰ

ਰਾਜੇਸ:ਪਾਪਾ

ਵਸੁਧਾ: ਮੰਮੀ

ਮਾਨਸੀ: ਬੇਟੀ

ਹਰਬੰਸ: ਬੇਟਾ

ਸਲੋਨੀ : ਮਾਸੀ

<u>ਸੁਰੂਆਤੀ ਐਲਾਨ</u>

(ਸਿਰਲੇਖ ਗੀਤ ਦੇ ਸੰਗੀਤ-ਟ੍ਰੈਕ ਸੁਣ ਰਿਹਾ ਹੈ )

**ਆ ਫੇਰ ਮੁੜ ਚੱਲੀਏ (Let us Come Again)**

(ਸੰਗੀਤ…)

**ਐਲਾਨ**: ਇਹ ਅਕਾਸ਼ਵਾਣੀ ਜਲੰਧਰ ਹੈ ਸਾਡੇ ਲੜੀਵਾਰ "ਟਿਕਾਊ ਵਿਕਾਸ" ਦੀ ਪੰਜਵੀਂ ਕੜੀ " ਜਾਗਰੂਕਤਾ"ਤੋਂ ਬਾਅਦ ਅੱਜ ਪੇਸ਼ ਕਰਨ ਜਾ ਰਹੇ ਹਨ ਸਾਡੇ ਕਲਾਕਾਰ ਅਗਲੀ ਕੜੀ "**ਆ ਫੇਰ ਮੁੜ ਚੱਲੀਏ**" !

**ਔਰਤ ਸੂਤਰਧਾਰ**: ਜੀ ਆਇਆਂ ਨੂੰ ਜੀ ਆਪ ਸੱਭ ਨੂੰ ! ਸੁਆਗਤ ਹੈ ਤਹਿ ਦਿਲੋਂ ਸਾਡੇ ਸ੍ਰੋਤਿਆਂ ਦਾ ! …… ਵਿਦਿਆਰਥੀਆਂ ਦਾ, ਅਧਿਆਪਕਾਂ ਦਾ, ਬੱਚਿਆਂ ਦਾ, ਸਾਰਿਆਂ ਦਾ ਹੀ ਅੱਜ ਦੇ ਇਸ ਲੜੀਵਾਰ "ਟਿਕਾਊ ਵਿਕਾਸ" ਦੀ ਛੇਵੀਂ ਕੜੀ "**ਆ ਫੇਰ ਮੁੜ ਚੱਲੀਏ**" ਵਿੱਚ !

**ਮਰਦ ਸੂਤਰਧਾਰ**: ਪਿਛਲੀ ਕੜੀ ਵਿੱਚ ਤੁਸੀਂ ਸੁਣਿਆ ਸੀ ਨਾਟਕ "ਜਾਗਰੂਕਤਾ" ਅਸੀਂ ਸੁਣਿਆ ਸੀ ਕਿ ਕਿਵੇਂ ਅਸੀਂ ਕਰ ਰਹੇ ਹਾਂ ਨਾ-ਨਵਿਆਉਣਯੋਗ ਸ੍ਰੋਤਾਂ ਦੀ ਬਰਬਾਦੀ !

**ਔਰਤ ਸੂਤਰਧਾਰ**: ਜੀ ! ਸੁਣਾਈ ਸੀ ਕਹਾਣੀ ਨਵਿਆਉਣਯੋਗ ਤੇ ਨਾ-ਨਵਿਆਉਣਯੋਗ ਸ੍ਰੋਤਾਂ ਦੀ !

**ਮਰਦ ਸੂਤਰਧਾਰ**: ਸੁਣਾਈ ਸੀ ਗਾਥਾ ਟਿਕਾਊ ਵਿਕਾਸ ਦੇ ਤਿੰਨ੍ਹ ਥੰਮ੍ਹਾਂ ਦੀ !

**ਔਰਤ ਸੂਤਰਧਾਰ**:ਹਾਂ ਜੀ! ਦੱਸਿਆ ਸੀ ਕਿ ਕੀ ਹੈ ਮਹੱਤਤਾ ਸਮਾਜਕ, ਆਰਥਕ ਤੇ ਪਰਿਆਵਰਣ ਦੇ ਇਨ੍ਹਾਂ ਥੰਮ੍ਹਾਂ ਦੀ!

**ਮਰਦ ਸੂਤਰਧਾਰ**: ਦੱਸਿਆ ਸੀ ਕਿ ਕਿਵੇਂ ਵੱਖ - ਵੱਖ ਅੰਤਰ ਰਾਸਟਰੀ ਏਜੈਂਸੀਆਂ ਰੱਖਦੀਆਂ ਨੇ ਧਿਆਨ ਇਨ੍ਹਾਂ ਤਿੰਨ੍ਹਾਂ ਹੀ ਥੰਮ੍ਹਾਂ ਦਾ ?

**ਔਰਤ ਸੂਤਰਧਾਰ**: ਪਰਿਵਾਰਣ, ਸਮਾਜਕ ਵਿਕਾਸ ਤੇ ਆਰਥਕ ਵਿਕਾਸ ਏਜੈਂਸੀਆਂ ਕਿਵੇਂ ਕਰਦੀਆਂ ਨੇ ਧਿਆਨ ਕੇਂਦ੍ਰਤ ਆਪਣੇ ਆਪਣੇ ਮੁੱਦੇ ‘ਤੇ ?

**ਮਰਦ ਸੂਤਰਧਾਰ**: ਕਹਾਣੀ ਤਾਂ ਇਹ ਵੀ ਸੁਣਾਈ ਸੀ ਕਿ ਦੇਸ਼ ਹੈ ਸਾਡਾ ਮੋਹਰੀਆਂ ਵਿੱਚੋਂ ! ਕਰਨ ਦੇ ਲਈ ਸੰਗਠਿਤ ਯਤਨਾਂ ਨੂੰ ਇਸ ਦਿਸ਼ਾ ਦੇ ਵਿੱਚ !

**ਔਰਤ ਸੂਤਰਧਾਰ**: ਜੀ ਦੱਸਿਆ ਤਾਂ ਸੀ ਕਿ 1972 ਦੇ ਅੰਤਰਰਾਸਟਰੀ ਸੰਮੇਲਨ ਵਿੱਚ ਸ਼ਾਮਲ ਹੋਏ ਸਨ ਮੁਖੀ ਕੇਵਲ ਦੋ ਮੁਲਕਾਂ ਦੇ ਹੀ ! ਸਾਡਾ ਮੁਲਕ ਭਾਰਤ ਸੀ ਉਨ੍ਹਾਂ ਵਿੱਚੋਂ ਇੱਕ ! ਉਸ ਵਕਤ ਦੇ ਪ੍ਰਧਾਨ ਮੰਤਰੀ ਸ੍ਰੀਮਤੀਇੰਦਰਾ ਗਾਂਧੀ ਜੀ ਨੇ ਲਿਆ ਸੀ ਭਾਗ ਇਸ ਸੰਮੇਲਨ ਵਿੱਚ !

**ਮਰਦ ਸੂਤਰਧਾਰ**: ਸੁਣਾਈ ਸੀ ਕਹਾਣੀ ਇਹ ਵੀ ! ਕਿ ਕਿਵੇਂ ਵੱਖ ਵੱਖ ਸੰਮੇਲਨਾਂ ਦੇ ਰਾਹੀਂ 1992 ਵਿੱਚ ਰੀਓ ਡੀ ਜਨੈਰੋ ਵਿੱਚ ਹੋਇਆ ਮਹਾਂ ਸੰਮੇਲਨ - ਧਰਤ ਸੰਮੇਲਨ !

**ਔਰਤ ਸੂਤਰਧਾਰ**: ਸੁਣਾਈ ਸੀ ਕਹਾਣੀ 2000 ਦੇ ਸਹਸਰਬਦੀ ਸੰਮੇਲਨ ਦੀ ਵੀ !

**ਮਰਦ ਸੂਤਰਧਾਰ**: ਦੱਸਿਆ ਸੀ ਵਿਸਤਾਰ ਇਸਦੇ 8 ਮੁੱਖ ਟੀਚਿਆਂ ਦਾ ਵੀ ! ਸ਼ਾਮਲ ਸਨ ਜਿਨ੍ਹਾਂ ਵਿੱਚ :

ਸਿਖਿਆ ,

ਸਿਹਤ,

ਲਿੰਗ ਬਾਰਬਰੀ ,

ਬੱਚਿਆਂ ਦੀ ਮੌਤ ਦਰ ਘਟਾਉਣਾ ,

ਏਡਜ਼ ਤੇ ਮਲੇਰੀਏ ਵਰਗੀਆਂ ਬਿਮਾਰੀਆਂ ਤੇ ਕਾਬੂ,

ਔਰਤਾਂ ਦੀ ਪ੍ਰਗਤ,

ਪਰਿਆਵਰਣ ਦੀ ਸੰਭਾਲ,

ਅਤੇ ਆਲਮੀ ਸਾਂਝ ਟਿਕਾਊ ਵਿਕਾਸ ਦੇ ਲਈ !

**ਔਰਤ ਸੂਤਰਧਾਰ**: ਸੁਣਾਇਆ ਸੀ ਬ੍ਰਿਤਾਂਤ 2012 ਦੇ ਸੰਮੇਲਣ ਦੇ 17 ਟੀਚਿਆਂ ਦਾ !

**ਮਰਦ ਸੂਤਰਧਾਰ**: ਦੱਸ ਦਿੱਤੀ ਸੀ ਗੱਲ ਇਹ ਵੀ ਕਿ ਕਿਉਂ ਮਿਥਣੇ ਪਏ ਨੇ ਟੀਚੇ ਹੁਣ 2030 ਤੱਕ ਦੇ!

**ਔਰਤ ਸੂਤਰਧਾਰ**: ਤੇ ਹੁਣ ! ਹੋ ਰਹੇ ਹਾਂ ਅਸੀਂ ਰੂਬਰੂ , ਆਪਣੇ ਸ੍ਰੋਤਿਆਂ ਦੇ

**ਮਰਦ ਸੂਤਰਧਾਰ**: ਲੈ ਕੇ ਆਪਣੇ ਵਿਗਿਆਨ ਲੜੀਵਾਰ ਟਿਕਾਊ ਵਿਕਾਸ ਦੀ ਅਗਲੀ ਕੜੀ **“ਆ ਫੇਰ ਮੁੜ ਚੱਲੀਏ”**

**ਔਰਤ ਸੂਤਰਧਾਰ**: ਸੁਣਾਵਾਂਗੇ ਇਸ ਕੜੀ ਵਿਚ ਅਸੀਂ ਕਿ ਕੀ ਹੈ ਟਿਕਾਊ ਵਿਕਾਸ ?

**ਮਰਦ ਸੂਤਰਧਾਰ**:ਜਾਣਾਗੇ ਟਿਕਾਊ ਵਿਕਾਸ ਦਾ ਭਾਵ !

**ਔਰਤ ਸੂਤਰਧਾਰ**: ਹੈ ਜੋ ਅਜਿਹਾ ਵਿਕਾਸ!

**ਮਰਦ ਸੂਤਰਧਾਰ**:ਨਹੀਂ ਪਹੁੰਚਾਉਂਦਾ ਕੋਈ ਨੁਕਸਾਨ ਜੋ

**ਔਰਤ ਸੂਤਰਧਾਰ**:ਕੁਦਰਤ ਅਤੇ ਵਾਤਾਵਰਣ ਨੂੰ!

**ਮਰਦ ਸੂਤਰਧਾਰ**: ਅੱਗੇ ਵਧਦੇ ਰਹਾਂਗੇ ਅਸੀਂ ਜਿਸ ਨਾਲ ਵਿਕਾਸ ਦੇ ਰਸਤੇ 'ਤੇ ਵੀ ।

**ਔਰਤ ਸੂਤਰਧਾਰ** : ਲਉ ਜੀ ਸੁਣ ਲਓ ਨਾਲ ਧਿਆਨ , ਸ਼ੰਕੇ ਵੀ ਹੋਣਗੇ ਜਗਿਆਸੂ ਮਨਾਂ ਦੇ ਵਿੱਚ ! ਕਰ ਲੈਣੇ ਆਪਣੇ ਸ਼ੁਭਾ ਤੇ ਸ਼ੰਕੇ ਨੋਟ ! ਸੁਣੋ ਤੇ ਸਮਝੋ ਟਿਕਾਊ ਵਿਕਾਸ ਦੀ ਇਸ ਛੇਵੀਂ ਕੜੀ , **"ਆ ਫੇਰ ਮੁੜ ਚੱਲੀਏ" ਦੇ ਵਿੱਚ ਸੁਣਾਈ ਜਾ ਰਹੀ ਕਹਾਣੀ ਨੂੰ !**

**ਸੰਗੀਤ**

**ਐਲਾਨ**: ਲਓ ਜੀ ! ਪੇਸ਼ ਹੈ , ਵਿਗਿਆਨ-ਪ੍ਰਸਾਰ ਨਵੀਂ ਦਿੱਲੀ, ਦੇ ਸਹਿਯੋਗ ਨਾਲ , ਆਕਾਸ਼ਵਾਣੀ ਜਲੰਧਰ (ਆਲ ਇੰਡੀਆ ਰੇਡਿਓ) ਵੱਲੋਂ ਵਿਗਿਆਨ ਲੜੀਵਾਰ "ਟਿਕਾਊ ਵਿਕਾਸ" ਦੀ ਛੇਵੀਂ ਕੜੀ , **"ਆ ਫੇਰ ਮੁੜ ਚੱਲੀਏ"!**

**(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਚੱਲ ਰਿਹਾ ਹੈ)**

**ਸਲੋਨੀ**: ਵਸੁਧਾ ਦੀ ਭੈਣ ਅਤੇ ਬੱਚਿਆਂ ਦੀ ਮਾਸੀ, ਸੰਯੁਕਤ ਰਾਸ਼ਟਰ ਸੰਘ, ਨਿਊਯਾਰਕ ਵਿੱਚ ਵਾਤਾਵਰਣ ਵਿਭਾਗ ਵਿਚ ਸਲਾਹਕਾਰ ਹੈ। ਉਹ ਦਿਵਾਲੀ ਦੇ ਤਿਉਹਾਰ ਦੇ ਮੌਕੇ 'ਤੇ ਆਪਣੀ ਭੈਣ ਕੋਲ ਆਈ ਹੈ।

**(ਘਰ ਦਾ ਦ੍ਰਿਸ਼, ਸਾਰੇ ਬੈਠ ਕੇ ਗੱਲਾਂ ਕਰ ਰਹੇ ਹਨ)**

**ਵਸੁਧਾ**: ਸਲੋਨੀ, ਇਸ ਵਾਰ ਪੂਰੇ ਦੋ ਸਾਲਾਂ ਬਾਅਦ ਨਿਊਯਾਰਕ ਤੋਂ ਆਈ ਏਂ। ਤੈਨੂੰ ਆਪਣੇ ਦੇਸ਼ ਦੀ ਅਤੇ ਸਾਡੀ ਯਾਦ ਨਹੀਂ ਆਉਂਦੀ ?

**ਸਲੋਨੀ**: ਕਿਹੋ ਜਿਹੀ ਗੱਲ ਕਰ ਰਹੇ ਹੋ ਦੀਦੀ ! ਕੌਣ ਹੋਵੇਗਾ ਜਿਸਨੂੰ ਆਪਣੇ ਦੇਸ਼ ਆਉਣ ਦੀ ਜਲਦੀ ਨਾ ਹੋਵੇ ? ਪਰ ਕੰਮ ਦੇ ਚੱਕਰ ਵਿਚ ਸਮਾਂ ਕਿਵੇਂ ਨਿਕਲ ਜਾਂਦਾ ਹੈ, ਪਤਾ ਹੀ ਨਹੀਂ ਚਲਦਾ।

**ਹਰਬੰਸ**: ਮਾਸੀ, ਮੈਨੂੰ ਤਾਂ ਲੱਗਿਆ ਅਮਰੀਕਾ ਵਰਗੇ ਵਿਕਸਿਤ ਦੇਸ਼ ਦੀ ਚਕਾਚੌਂਧ ਵਿਚ ਤੁਸੀਂ ਸਾਨੂੰ ਭੁੱਲ ਹੀ ਜਾਵੋਗੇ।

**ਮਾਨਸੀ**:ਮਾਸੀ, ਹਰਬੰਸ ਸਾਰਿਆਂ ਨੂੰ ਆਪਣੀ ਤਰ੍ਹਾਂ ਫਾਲਤੂ ਸਮਝਦਾ ਹੈ। ਇਸ ਨੂੰ ਇਹ ਨਹੀਂ ਪਤਾ ਕਿ ਮਾਸੀ ਦੇ ਕੋਲ ਕਿੰਨਾਂ ਕੰਮ ਹੁੰਦਾ ਹੈ। ਉਹ ਸੰਸਾਰ ਦੇ ਸਭ ਤੋਂ ਵੱਡੇ ਸੰਗਠਨ ਸੰਯੁਕਤ ਰਾਸ਼ਟਰ ਸੰਘ ਵਿਚ ਕੰਮ ਕਰਦੇ ਹਨ ਤੇ ਉਹ ਵੀ ਵਾਤਾਵਰਣ ਵਰਗੇ ਮਹੱਤਵਪੂਰਨ ਵਿਸ਼ੇ 'ਤੇ। ਜਿਸ ਨੂੰ ਲੈ ਕੇ ਅੱਜ ਪੂਰੇ ਵਿਸ਼ਵ ਵਿਚ ਚਿੰਤਾ ਵਧਦੀ ਜਾ ਰਹੀ ਹੈ।

**ਰਾਜੇਸ**: ਬਿਲਕੁਲ ਸਹੀ ਕਿਹਾ ਮਾਨਸੀ ਬੇਟਾ, ਐਨੇ ਵੱਡੇ ਸੰਗਠਨ ਵਿਚ ਕਈ ਮਹੱਤਵਪੂਰਨ ਜ਼ਿੰਮੇਵਾਰੀਆਂ ਨੇ ! ਵਕਤ ਹੀ ਕਿੱਥੇ ਮਿਲਦਾ ਹੈ ?

**ਹਰਬੰਸ**: ਇਹ ਸਭ ਤਾਂ ਬਹਾਨੇ ਹੀ ਲੱਗਦੇ ਨੇ ! ਜੇ ਮਾਸੀ ਜੀ ਸੱਚ-ਮੁੱਚ ਹੀ ਐਨਾ ਕੰਮ ਕਰਦੇ ਹਨ ਤਾਂ ਉਹਨਾਂ ਨੂੰ ਐਥੇ ਰਹਿ ਕੇ ਦਿੱਲੀ ਦੇ ਪ੍ਰਦੂਸ਼ਣ ਨੂੰ ਘੱਟ ਕਰਨ ਦੇ ਉਪਾਅ ਕਰਨੇ ਚਾਹੀਦੇ ਨੇ।ਪੂਰੇ ਵਿਸ਼ਵ ਦੀ ਉਹ ਬਾਅਦ ਵਿਚ ਸੋਚ ਲੈਣ।

**ਵਸੁਧਾ**: ਬੇਟਾ, ਇਹੀ ਤਾਂ ਸਾਡੀ ਗ਼ਲਤੀ ਹੈ। ਸਾਨੂੰ ਸਾਰਿਆਂ ਬਾਰੇ ਸੋਚਣਾ ਚਾਹੀਦਾ ਹੈ, ਨਾ ਕੇਵਲ ਆਪਣੇ ਆਪ ਬਾਰੇ।

ਸਾਡੇ ਇਥੇ ਤਾਂ ਕਿਹਾ ਵੀ ਗਿਆ ਹੈ **"ਵਾਸੁਧੇਵ ਕੁਟੰਬਕਮ"** ਅਰਥਾਤ ਪੂਰਾ ਵਿਸ਼ਵ ਸਾਡਾ ਪਰਿਵਾਰ ਹੈ।

**ਰਾਜੇਸ਼:** ਬੱਚਿਓ! ਮੰਮੀ ਬਿਲਕੁਲ ਸਹੀ ਆਖ ਰਹੇ ਹਨ।

**ਮਾਨਸੀ:** ਪਾਪਾ, ਪਰ ਤੁਸੀਂ ਤਾਂ ਜਾਣਦੇ ਹੀ ਹੋ, ਇਸ ਵਾਰ ਦਿਵਾਲੀ ਦੇ ਬਾਅਦ ਦਿੱਲੀ ਵਿਚ ਕਿੰਨਾ ਬੁਰਾ ਹਾਲ ਹੋਇਆ। ਐਨਾ ਜ਼ਿਆਦਾ ਪ੍ਰਦੂਸ਼ਣ ਤਾਂ ਐਥੇ ਪਹਿਲਾਂ ਕਦੇ ਨਹੀਂ ਰਿਹਾ।

**ਸਲੋਨੀ:** ਮਾਨਸੀ, ਦਿੱਲੀ ਕੀ ! ਹੁਣ ਤਾਂ ਸਭ ਥਾਂ ਪ੍ਰਦੂਸ਼ਣ ਵਧਦਾ ਜਾ ਰਿਹਾ ਹੈ।

**ਵਸੁਧਾ:** ਤਾਂ ਫਿਰ ਸਲੋਨੀ ! ਕੁੱਝ ਨਾ ਕੁੱਝ ਤਾਂ ਅਜਿਹਾ ਕਰਨਾ ਹੀ ਹੋਵੇਗਾ, ਜਿਸ ਨਾਲ ਸਮੱਸਿਆ ਹੋਰ ਨਾ ਵਧੇ।

**ਰਾਜੇਸ਼:** ਇਸ ਦੇ ਲਈ ਇਕੱਲਾ ਵਿਅਕਤੀ ਜਾਂ ਇਕੱਲਾ ਦੇਸ਼ ਚਾਹੁੰਦੇ ਹੋਏ ਵੀ ਕੁਝ ਨਹੀਂ ਕਰ ਸਕਦਾ। ਇਸ ਕਾਰਜ ਦੇ ਲਈ ਤਾਂ ਪੂਰੇ ਵਿਸ਼ਵ ਨੂੰ ਇਕ-ਦੂਜੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਨਾ ਪਵੇਗਾ।

**ਹਰਬੰਸ:** ਤਾਹੀਂ ਤਾਂ ਮਾਸੀ ਜੀ ਨੂੰ ਆਖ ਰਹੇ ਹਾਂ, ਉਹ ਵਿਸ਼ਵ ਦੇ ਸਭ ਤੋਂ ਵੱਡੇ ਸੰਗਠਨ ਵਿੱਚ ਕੰਮ ਕਰਦੇ ਹਨ ਅਤੇ ਉਸ ਸੰਗਠਨ ਦੀ ਸਲਾਹ ਨੂੰ ਸਾਰੇ ਦੇਸ਼ ਮੰਨਦੇ ਹਨ।

**ਸਲੋਨੀ:** ਹਰਬੰਸ, ਇਸ ਸਮੱਸਿਆ ਦਾ ਹੱਲ ਕਿਸੇ ਇਕ ਵਿਅਕਤੀ ਜਾਂ ਦੇਸ਼ ਦੁਆਰਾ ਨਹੀਂ ਹੋਵੇਗਾ। ਇਸ ਸਮੱਸਿਆ ਦੇ ਸਮਾਧਾਨ ਦੇ ਲਈ ਤਾਂ ਸਾਰਿਆਂ ਨੂੰ ਸਮੂਹਿਕ ਯਤਨ ਕਰਨੇ ਹੋਣਗੇ। ਸਾਨੂੰ ਸਾਰਿਆਂ ਨੂੰ ਹੁਣ ਟਿਕਾਊ ਵਿਕਾਸ ਅਰਥਾਤ ਸਸਟੇਨੇਬਲ ਡਵੈਲਪਮੈਂਟ ਵੱਲ ਧਿਆਨ ਦੇਣਾ ਚਾਹੀਦਾ ਹੈ।

**ਹਰਬੰਸ:** ਟਿਕਾਊ ਵਿਕਾਸ! ਇਹ ਕੀ ਹੁੰਦਾ ਹੈ ?

**ਵਸੁਧਾ:** ਟਿਕਾਊ ਵਿਕਾਸ ਤੋਂ ਭਾਵ ਅਜਿਹੇ ਵਿਕਾਸ ਤੋਂ ਹੈ, ਜਿਸ ਵਿਚ ਅਸੀਂ ਕੁਦਰਤ ਨੂੰ ਤਬਾਹ ਨਹੀਂ ਕਰਦੇ ਸਗੋਂ ਕੁਦਰਤ ਅਤੇ ਵਾਤਾਵਰਣ ਨੂੰ ਬਿਨਾਂ ਨੁਕਸਾਨ ਪਹੁੰਚਾਏ ਵਿਕਾਸ ਦੇ ਮਾਰਗ 'ਤੇ ਅੱਗੇ ਵਧਦੇ ਰਹਿੰਦੇ ਹਾਂ।ਅਸੀਂ ਕੁਦਰਤ ਕੋਲੋਂ ਉਨਾਂ ਕੁ ਹੀ ਲੈਂਦੇ ਹਾਂ ਜਿੰਨੇ ਕੁ ਦੀ ਸਾਨੂੰ ਲੋੜ ਹੁੰਦੀ ਹੈ !

**ਰਾਜੇਸ਼:** ਵੈਸੇ ਅਜਿਹੇ ਟਿਕਾਊ ਵਿਕਾਸ ਦੀ ਧਾਰਣਾ ਸਾਡੇ ਦੇਸ਼ ਵਿਚ ਤਾਂ ਪ੍ਰਾਚੀਨ ਕਾਲ ਤੋਂ ਹੀ ਰਹੀ ਹੈ।

**ਹਰਬੰਸ:** ਮੰਮੀ-ਪਾਪਾ, ਤੁਸੀਂ ਤਾਂ ਮੈਨੂੰ ਕਨਫਿਊਜ਼ ਕਰ ( ਬੌਂਦਲਾ ) ਰਹੇ ਹੋ। ਮੰਮੀ ਆਖ ਰਹੇ ਹਨ ਭਵਿੱਖ ਦੀ ਬਾਤ ਹੈ ਤੇ ਪਾਪਾ ! ਤੁਸੀਂ ਆਖ ਰਹੇ ਹੋ ਕਿ ਪੁਰਾਣੇ ਸਮੇਂ ਦੀ ਗੱਲ ਹੈ।

**ਮਾਨਸੀ:**ਹਰਬੰਸ, ਤੈਨੂੰ ਮੰਮੀ-ਪਾਪਾ ਦੀ ਤਾਂ ਕੋਈ ਗੱਲ ਸਮਝ ਪੈਣੀ ਨਹੀਂ ।ਤੈਨੂੰ ਤਾਂ ਮਾਸੀ ਜੀ ਹੀ ਸਮਝਾ ਸਕਦੇ ਨੇ !

**ਹਰਬੰਸ:** ਦੀਦੀ, ਤੁਸੀਂ ਤਾਂ ਰਹਿਣ ਹੀ ਦਿਉ, ਮੈਨੂੰ ਵੀ ਪਤਾ ਹੈ ! ਤੁਹਾਨੂੰ ਤਾਂ ਜੇਕਰ ਕੋਈ ਗੱਲ ਸਮਝ ਨਾ ਵੀ ਆ ਰਹੀ ਹੋਵੇ ਤਾਂ ਵੀ ਤੁਸੀਂ ਮੰਮੀ-ਪਾਪਾ ਦੀ ਹਾਂ ਵਿਚ ਹਾਂ ਮਿਲਾਉਣੀ ਹੁੰਦੀ ਹੈ।

**ਵਸੁਧਾ:** ਬੱਸ ਕਰੋ ! ਤੁਹਾਨੂੰ ਦੋਨਾਂ ਨੂੰ ਮੌਕਾ ਮਿਲਿਆ ਨਹੀਂ, ਕਿ ਲੱਗ ਜਾਂਦੇ ਓ ਇਕ-ਦੂਜੇ ਦੀ ਖਿਚਾਈ ਕਰਨ।

**ਸਲੋਨੀ:** ਹਰਬੰਸ, ਵੈਸੇ ਦੀਦੀ ਅਤੇ ਜੀਜਾ ਜੀ ਦੋਵਾਂ ਦੀ ਹੀ ਗੱਲ ਸਹੀ ਹੈ ।ਜਦੋਂ ਅਸੀਂ ਟਿਕਾਊ ਵਿਕਾਸ ਦੀ ਗੱਲ ਕਰਦੇ ਹਾਂ ਤਾਂ ਸਾਨੂੰ ਆਪਣੇ ਅਤੀਤ ਤੋਂ ਸਿੱਖਿਆ ਲੈਂਦੇ ਹੋਏ, ਭਵਿੱਖ ਵੱਲ ਪੈਰ ਪੁੱਟਣੇ ਚਾਹੀਦੇ ਹਨ।

**ਹਰਬੰਸ:** ਮਾਸੀ ਜੀ, ਤੁਸੀਂ ਤਾਂ ਦਾਰਸ਼ਨਿਕਾਂ ਵਾਂਗ ਗੱਲਾਂ ਕਰ ਰਹੇ ਹੋ। ਐਨੇ ਵਲ - ਵਲੇਵੇਂ ਨਾ ਪਾਓ ! ਮੈਨੂੰ ਕੁਝ ਸਮਝ ਨਹੀਂ ਆ ਰਿਹਾ।ਅਜਿਹੀਆਂ ਗੱਲਾਂ ਤਾਂ ਮੇਰੇ ਸਿਰ ਉੱਪਰੋਂ ਦੀ ਲੰਘ ਜਾਂਦੀਆਂ ਨੇ ।ਮੇਰੇ ਨਹੀਂ ਪੈ ਰਿਹਾ ਪੱਲੇ ਕੁੱਝ ਵੀ !

**ਸਲੋਨੀ:** ਅੱਛਾ ਹਰਬੰਸ ! ਤੈਨੂੰ ਇਹ ਤਾਂ ਪਤਾ ਹੀ ਹੋਵੇਗਾ ਕਿ ਆਦਿ ਮਾਨਵ ਕੌਣ ਸਨ ਅਤੇ ਉਹ ਕਿਵੇਂ ਰਹਿੰਦੇ ਸਨ? ਕੀ ਖਾਂਦੇ ਸਨ ?

**ਹਰਬੰਸ:** ਹਾਂ, ਆਦਿ ਮਾਨਵ ਜੰਗਲਾਂ ਵਿਚ ਰਹਿੰਦਾ ਸੀ ਅਤੇ ਕੰਦ-ਮੂਲ ਖਾ ਕੇ ਜਾਂ ਸ਼ਿਕਾਰ ਕਰਕੇ ਆਪਣਾ ਜੀਵਨ ਨਿਰਵਾਹ ਕਰਦਾ ਸੀ।

**ਮਾਨਸੀ:** ਅਤੇ ਫਿਰ ਹੌਲੀ-ਹੌਲੀ ਮਨੁੱਖ ਨੇ ਖੇਤੀ ਕਰਨੀ ਆਰੰਭ ਕਰ ਦਿੱਤੀ। ਨਦੀਆਂ ਜਾਂ ਜਲ ਸ੍ਰੋਤਾਂ ਦੇ ਨੇੜੇ-ਤੇੜੇ ਵਸਦੇ ਹੋਏ ਮਨੁੱਖ ਨੇ ਸਮਾਜਿਕ ਜੀਵਨ ਜਿਉਣਾ ਸ਼ੁਰੂ ਕਰ ਦਿੱਤਾ।

**ਰਾਜੇਸ਼:** ਹਾਂ ਬੱਚਿਓ! ਤਾਂ ਅਸੀਂ ਆਖ ਸਕਦੇ ਹਾਂ ਕਿ ਮਨੁੱਖ ਆਰੰਭ ਤੋਂ ਹੀ ਕੁਦਰਤ 'ਤੇ ਨਿਰਭਰ ਰਿਹਾ ਹੈ। ਜੰਗਲਾਂ ਵਿਚ ਰਹਿਣਾ, ਜੰਗਲੀ ਕੰਦ-ਮੂਲ ਖਾਣਾ ਉਸ ਨੇ ਆਰੰਭ ਤੋਂ ਸਿਖ ਲਿਆ ਸੀ। ਉਸ ਸਮੇਂ ਉਹ ਕੁਦਰਤ ਤੋਂ ਓਨਾ ਕੁ ਹੀ ਲੈਂਦਾ ਸੀ ਜਿੰਨੀ ਉਸ ਨੂੰ ਜ਼ਰੂਰਤ ਹੁੰਦੀ ਸੀ। ਆਰੰਭ ਵਿਚ ਭਾਵੇਂ ਆਦਿ ਮਨੁੱਖ ਦੀ ਅਵਸਥਾ ਤੋਂ ਲੰਘਦੇ ਹੋਏ ਮਨੁੱਖ ਨੇ ਅਗਿਆਨਤਾ ਦੇ ਹਨੇਰੇ ਵਿਚ ਅੰਧਵਿਸ਼ਵਾਸ਼ਾਂ ਨੂੰ ਮਨ ਵਿਚ ਵਸਾ ਲਿਆ ਸੀ ਪਰ ਉਸਦੀ ਕੁਦਰਤ ਪ੍ਰਤੀ ਤੇ ਉਸਦੇ ਭਿੰਨ-ਭਿੰਨ ਘਟਕਾਂ ਪ੍ਰਤੀ ਸਮਝ ਸੁਰੱਖਿਆ ਵਾਲੀ ਹੀ ਰਹੀ ਸੀ।

**ਸਲੋਨੀ:** ਕਈ ਹਜ਼ਾਰ ਸਾਲ ਤੱਕ ਮਨੁੱਖ ਜੀਵਨ ਨੂੰ ਕੁਦਰਤ ਦਾ ਇਕ ਤੋਹਫਾ ਮੰਨ ਕੇ ਉਸਦਾ ਜਸ਼ਨ ਮਨਾਉਂਦਾ ਰਿਹਾ ਅਤੇ ਇਸ ਧਰਤੀ ਨੂੰ ਆਦਰ-ਸਨਮਾਨ ਦਿੰਦੇ ਹੋਏ ਪੂਜਦਾ ਰਿਹਾ। ਉਹ ਲੋਕ ਮੰਨਦੇ ਸਨ ਕਿ ਧਰਤੀ ਕੇਵਲ ਦੋਹਨ ਦੇ ਲਈ ਨਹੀਂ ਹੈ। ਇਹ ਇਕ ਜਿਉਂਦੀ-ਜਾਗਦੀ ਪ੍ਰਣਾਲੀ ਹੈ। ਉਹਨਾਂ ਦਾ ਇਸ ਨਾਲ ਪਿਆਰ ਅਤੇ ਮਧੁਰਤਾ ਦਾ ਸਬੰਧ ਸੀ। ਜਿਸ ਦੇ ਕਾਰਨ ਉਹ ਇਸ ਉੱਤੇ ਵਿਸ਼ਵਾਸ਼ ਕਰਦੇ ਹੋਏ ਇਸ ਨੂੰ ਪੂਜਦੇ ਰਹੇ।

**ਰਾਜੇਸ਼:**ਸਾਡੇ ਦੇਸ਼ ਵਿਚ ਸਦੀਆਂ ਤੋਂ ਧਰਤੀ, ਮਿੱਟੀ, ਪਿੰਡ, ਮਨੁੱਖੀ ਮਨ ਵਿਚ ਚੇਤਨ ਰੂਪ ਵਿਚ ਵੱਸਦੇ ਸੀ। ਜਿਸਦੀ ਬਦੌਲਤ ਨੈਤਿਕਤਾ ਪਨਪੀ ! ਮਨੁੱਖ ਧਰਤੀ ਨੂੰ ਮਾਂ ਦੇ ਰੂਪ ਵਿਚ ਪੂਜਦੇ ਹੋਏ ਉਸਦੇ ਪ੍ਰਤੀ ਸ਼ਰਧਾ ਰੱਖਦਾ ਆਇਆ ਹੈ।

**ਵਸੁਧਾ:** ਫਿਰ ਹੌਲੀ-ਹੌਲੀ ਸਮਾਜ ਦਾ ਸੰਕਲਪ ਹੋਂਦ ਵਿਚ ਆਇਆ।ਮਨੁੱਖ ਨੇ ਖੇਤੀ ਕਰਕੇ ਪੂਰੇ ਸਾਲ ਦੇ ਅਨਾਜ ਦਾ ਭੰਡਾਰ ਕਰਨਾ ਸ਼ੁਰੂ ਕਰ ਦਿੱਤਾ। ਅਨਾਜ, ਮਸਾਲੇ ਅਤੇ ਕੱਪੜੇ ਆਦਿ ਦਾ ਵਪਾਰ ਹੋਣ ਲੱਗਿਆ।

**ਰਾਜੇਸ਼:** ਇਸੇ ਕਾਲ ਦੌਰਾਨ ਸਮਾਜ ਨੇ ਆਪ ਅਜਿਹੇ ਅਨੇਕਾਂ ਨਿਯਮ ਬਣਾਏ ਜਿਹੜੇ ਵਾਤਾਵਰਣ ਤੇ ਕੁਦਰਤ ਦੀ ਰੱਖਿਆ ਕਰਨ ਵਾਲੇ ਸਨ। ਮਨੁੱਖ ਹੋਰ ਜੀਵਾਂ ਦੇ ਨਾਲ ਰਲ ਕੇ ਰਹਿੰਦਾ ਸੀ। ਸਾਰਿਆਂ ਜੀਵਾਂ ਪ੍ਰਤੀ ਦਿਆ ਅਤੇ ਸ਼ਰਧਾ ਦਾ ਭਾਵ ਸੀ।

**ਸਲੋਨੀ:** ਅਜਿਹੇ ਸੰਬੰਧਾਂ 'ਤੇ ਹੀ ਅਜਿਹੇ ਮਾਹੌਲ ਜਾਂ ਪ੍ਰਸਥਿਤਿਕ ਤੰਤਰ ਦਾ ਨਿਰਮਾਣ ਹੁੰਦਾ ਹੈ, ਜਿਸ ਵਿਚ ਕੁਦਰਤੀ ਸਾਧਨਾਂ ਦੀ ਰੱਖਿਆ ਵੀ ਹੋਵੇ ਅਤੇ ਵਾਤਾਵਰਣ ਵੀ ਸੁਰੱਖਿਅਤ ਰਹਿ ਸਕੇ ਜਾਂ ਅਸੀਂ ਕਹੀਏ ਕਿ ਅਜਿਹਾ ਮਾਹੌਲ ਟਿਕਾਊ ਵਿਕਾਸ ਵਿਚ ਸਹਾਇਕ ਸਿੱਧ ਹੁੰਦਾ ਹੈ।

**ਸਲੋਨੀ:** ਅਨੇਕਾਂ ਪ੍ਰਾਚੀਨ ਸੱਭਿਅਤਾਵਾਂ ਵਿਚ ਧਰਤੀ ਦੇ ਪ੍ਰਤੀ ਮਾਂ ਵਰਗੀ ਸ਼ਰਧਾ ਦੇਖੀ ਗਈ ਹੈ। ਉਨ੍ਹਾਂ ਦੇ ਤਿਉਹਾਰਾਂ, ਕਰਮ-ਕਾਂਡਾਂ, ਗੀਤਾਂ, ਮਨੌਤਾਂ ਆਦਿ ਵਿੱਚ ਅਜਿਹੇ ਅਨੇਕਾਂ ਉਦਾਹਰਨ ਦੇਖੇ ਗਏ ਹਨ ਜਿਨ੍ਹਾਂ ਵਿਚ ਉਹ ਧਰਤੀ ਦੀਆਂ ਸੁਗਾਤਾਂ ਦੇ ਤਿਉਹਾਰ ਮਨਾਉਂਦੇ ਰਹੇ ਹਨ। ਇਸ ਪ੍ਰਕਾਰ ਦੀਆਂ ਅਨੇਕਾਂ ਉਦਾਹਰਣ ਸਾਨੂੰ ਆਦਿ ਵਾਸੀ ਸਮਾਜਾਂ ਵਿਚ

ਅੱਜ ਵੀ ਦੇਖਣ ਨੂੰ ਮਿਲਦੀਆਂ ਹਨ।

**ਰਾਜੇਸ਼:** ਸਾਡੇ ਪ੍ਰਾਚੀਨ ਗ੍ਰੰਥਾਂ ਵਿਚ ਵੀ ਅਜਿਹੀਆਂ ਗੱਲਾਂ ਦਾ ਹਵਾਲਾ ਮਿਲਦਾ ਹੈ। ਸ਼ਕੁੰਤਲਾ ਤੇ ਦੁਸ਼ਅੰਤ ਦੀ ਕਹਾਣੀ ਤਾਂ ਤੁਹਾਨੂੰ ਯਾਦ ਹੀ ਹੋਵੇਗੀ ?

**ਹਰਬੰਸ:** ਹਾਂ... ਹਾਂ... ਯਾਦ ਹੈ ਪਾਪਾ, ਉਸ ਕਹਾਣੀ ਵਿਚ ਸ਼ੰਕੁਤਲਾ ਜੰਗਲ ਦੇ ਜੀਵਾਂ ਨੂੰ ਬਹੁਤ ਪਿਆਰ ਕਰਦੀ ਸੀ। ਉਸਦੇ ਆਸ਼ਰਮ ਵਿਚ ਅਨੇਕਾਂ ਹਿਰਨ ਤੇ ਪੰਛੀ ਸਨ।

**ਵਸੁਧਾ:** ਉਸ ਕਹਾਣੀ ਤੋਂ ਅਸੀਂ ਸਮਝ ਸਕਦੇ ਹਾਂ ਕਿ ਸਾਡੇ ਦੇਸ਼ ਵਿਚ ਜੀਵ-ਜੰਤੂਆਂ ਦੇ ਪ੍ਰਤੀ ਸਦੀਆਂ ਤੋਂ ਪਿਆਰ ਰਿਹਾ ਹੈ।

**ਮਾਨਸੀ:** ਹੁਣ ਤਾਂ ਜੀਵਾਂ ਦੀ ਸੁਰੱਖਿਆ ਦੇ ਲਈ ਅਨੇਕਾਂ ਗ਼ੈਰ-ਸਰਕਾਰੀ ਸੰਗਠਨ ਹਨ, ਜਿਹੜੇ ਭਿੰਨ-ਭਿੰਨ ਜੀਵਾਂ ਦੀ ਸੁਰੱਖਿਆ ਦੇ ਲਈ ਕੰਮ ਕਰਦੇ ਹਨ। ਪ੍ਰਾਚੀਨ ਕਾਲ ਵਿੱਚ ਤਾਂ ਬਿਨਾਂ ਕਿਸੇ ਸੰਗਠਨ ਦੇ ਹਰ ਵਿਅਕਤੀ ਹੀ ਜੀਵਾਂ ਨੂੰ ਆਪਣਾ ਸਾਥੀ ਸਮਝਦਾ ਸੀ। ਉਨ੍ਹਾਂ ਨੂੰ ਤੰਗ (ਪ੍ਰੇਸ਼ਾਨ) ਨਹੀਂ ਸੀ ਕਰਦਾ।

**ਰਾਜੇਸ਼:** ਹਾਂ ਮਾਨਸੀ, ਇਸੇ ਲਈ ਤਾਂ ਭਾਰਤ ਦੇ ਲੋਕਾਂ ਲਈ ਵਾਤਾਵਰਣ ਸੁਰੱਖਿਅਣ ਕੋਈ ਨਵੀਂ ਗੱਲ ਨਹੀਂ ਹੈ। ਇਤਿਹਾਸਕ ਰੂਪ ਵਿੱਚ ਕੁਦਰਤ ਤੇ ਜੰਗਲੀ ਜੀਵਾਂ ਦੀ ਸੁਰੱਖਿਆ ਦੇ ਸੰਸਕਾਰ ਇਥੋਂ ਦੇ ਵਸਨੀਕਾਂ ਦੇ ਜੀਵਨ ਵਿਚ ਪਹਿਲਾਂ ਹੀ ਘੁਲੇ-ਮਿਲੇ ਰਹੇ ਹਨ। ਜਿਨ੍ਹਾਂ ਨੂੰ ਅਸੀਂ ਮਨੌਤਾਂ, ਲੋਕ-ਗੀਤਾਂ, ਧਰਮ, ਕਲਾਵਾਂ ਅਤੇ ਰੀਤੀ-ਰਿਵਾਜ਼ਾਂ ਵਿਚ ਦੇਖ ਸਕਦੇ ਹਾਂ।

**ਵਸੁਧਾ:** ਤਕਰੀਬਨ 2000 ਸਾਲ ਪਹਿਲਾਂ ਪ੍ਰਾਚੀਨ ਗ੍ਰੰਥਾਂ ਵਿਚ ਪ੍ਰਸਥਿਤਿਕ ਤੰਤਰ ਤੇ ਜੀਵਨ ਦੇ ਆਪਸੀ ਸਬੰਧਾਂ ਬਾਰੇ ਸੋਝੀ ਹੋਣ ਦੇ ਸਬੂਤ ਮਿਲਦੇ ਹਨ। ਭਾਰਤੀ ਪ੍ਰਾਚੀਨ ਸ਼ਾਸਤਰਾਂ ਵਿਚ ਕਿਹਾ ਗਿਆ ਹੈ ਕਿ ਬ੍ਰਹਿਮੰਡ ਦਾ ਨਿਰਮਾਣ ਹਰ ਜੀਵ ਦੇ ਕਲਿਆਣ ਦੇ ਲਈ ਹੋਇਆ ਹੈ। ਹਰ ਜੀਵ ਆਪਣੇ ਜੀਵਨ ਦਾ ਆਨੰਦ ਮਾਣਦੇ ਹੋਏ ਇਸ ਪੂਰੀ ਵਿਵਸਥਾ ਦਾ ਹਿੱਸਾ ਬਣਦੇ ਹੋਏ ਹੋਰ ਜੀਵਾਂ ਨਾਲ ਮਧੁਰ ਸਬੰਧ ਸਥਾਪਿਤ ਕਰੇ। ਕੋਈ ਵੀ ਜੀਵ ਦੂਸਰੇ ਜੀਵਾਂ ਦੇ ਅਧਿਕਾਰਾਂ ਉੱਤੇ ਕਬਜ਼ਾ ਨਾ ਕਰੇ।

**ਰਾਜੇਸ਼:** ਸਿੰਧ ਘਾਟੀ ਸੱਭਿਅਤਾ ਦੇ ਕਾਲ ਦੀਆਂ ਮਿਲੀਆਂ ਪੁਰਾਤਤਵ ਵਸਤਾਂ ਵੀ ਜੰਗਲੀ ਜੀਵਾਂ ਦੇ ਪ੍ਰਤੀ ਮਨੁੱਖੀ ਰੁਚੀ ਦਾ ਸਬੂਤ ਪੇਸ਼ ਕਰਦੀਆਂ ਹਨ। ਇਸ ਕਾਲ ਦੇ ਦੌਰਾਨ ਦੀਆਂ ਮਿਲੀਆਂ ਹਾਥੀ, ਬੈਲ, ਗੈਂਡੇ ਆਦਿ ਦੀਆਂ ਆਕ੍ਰਿਤੀਆਂ ਇਸ ਗੱਲ ਦਾ ਸਪਸ਼ਟ ਪ੍ਰਮਾਣ ਹਨ ਕਿ ਉਦੋਂ ਮਨੁੱਖ ਅਤੇ ਹੋਰ ਜੀਵਾਂ ਦਾ ਰਿਸ਼ਤਾ ਕਿਹੋ ਜਿਹਾ ਰਿਹਾ ਹੋਵੇਗਾ।

**ਸਲੋਨੀ:** ਕੇਵਲ ਜੀਵ-ਜੰਤੂ ਹੀ ਨਹੀ ! ਸਗੋਂ ਸਾਡੇ ਦੇਸ਼ ਦੀਆਂ ਭਿੰਨ-ਭਿੰਨ ਕਲਾਵਾਂ ਵਿਚ ਕੁਦਰਤ ਦੇ ਵੰਨ-ਸੁਵੰਨੇ ਰੂਪਾਂ ਦਾ ਜਿਉਂਦਾ-ਜਾਗਦਾ ਚਿਤਰਣ, ਉਨ੍ਹਾਂ ਦੇ ਪ੍ਰਤੀ ਸਾਡੀ ਸੰਵੇਦਨਾ ਨੂੰ ਪੇਸ਼ ਕਰਦਾ ਹੈ।

**ਰਾਜੇਸ਼:** ਹਾਂ ਮਾਨਸੀ !ਮਾਸੀ ਤੇਰੀ ਨੇ ਠੀਕ ਕਿਹਾ ਹੈ।ਸਾਡੇ ਦੇਸ਼ ਵਿਚ ਸੰਸਕ੍ਰਿਤ ਦੇ ਮਹਾਨ ਕਵੀ ਕਾਲੀਦਾਸ ਹੋਏ ਹਨ। ਜਿਨ੍ਹਾਂ ਦੀ ਇਕ ਰਚਨਾ 'ਮੇਘਦੂਤ' ਵਿਚ ਉਨ੍ਹਾਂ ਨੇ ਬੱਦਲਾਂ ਦਾ ਇਕ ਦੂਤ ਦੇ ਰੂਪ ਵਿਚ ਸਜੀਵ ਚਿੱਤਰਣ ਕੀਤਾ ਹੈ।

**ਦ੍ਰਿਸ਼ ਬਦਲਾਅ ਸੰਗੀਤ**

**ਵਸੁਧਾ:** ਬੱਚਿਓ! ਇਨ੍ਹਾਂ ਦੇ ਹੀ ਇਕ ਹੋਰ ਗ੍ਰੰਥ 'ਅਭਿਆਨ ਸ਼ੰਕੁਤਲਮ' ਵਿਚ ਹੀ ਸ਼ੰਕੁਤਲਾ ਤੇ ਰਾਜਾ ਦੁਸ਼ਅੰਤ ਦੀ ਕਹਾਣੀ ਹੈ, ਜਿਨ੍ਹਾਂ ਦੇ ਪੁੱਤਰ, ਭਰਤ ਦੇ ਨਾਮ 'ਤੇ ਸਾਡੇ ਦੇਸ਼ ਦਾ ਨਾਮ ਭਾਰਤ ਪਿਆ।

**ਹਰਬੰਸ:** ਹਾਂ ਮੰਮੀ, ਇਹ ਕਹਾਣੀ ਅਸੀਂ ਸੁਣੀ ਹੈ !

**ਸਲੋਨੀ:** ਬੱਚਿਓ! ਐਨਾ ਹੀ ਨਹੀਂ ਸਾਡੇ ਦੇਸ਼ ਵਿਚ ਅਨੇਕਾਂ ਗ੍ਰੰਥਾਂ ਵਿੱਚ ਜਿਵੇਂ 'ਪੰਚਤੰਤਰ' ਅਤੇ 'ਹਿਤੋਉਪਦੇਸ਼' ਆਦਿ ਦੀਆਂ ਕਹਾਣੀਆਂ ਵਿਚ ਅਸੀਂ ਮਨੁੱਖ ਅਤੇ ਹੋਰ ਜੀਵਾਂ ਦੇ ਵਿਚਕਾਰ ਸਬੰਧਾਂ ਨੂੰ ਦੇਖ ਸਕਦੇ ਹਾਂ।

**ਰਾਜੇਸ਼:** ਇਸੇ ਤਰ੍ਹਾਂ ਮੱਧਪ੍ਰਦੇਸ਼ ਵਿਚ ਭੋਪਾਲ ਦੇ ਨੇੜੇ ਸਥਿਤ ਭੀਮਬੇਟਕਾ ਦੇ ਕੰਧ ਚਿੱਤਰਾਂ ਵਿਚ ਮਨੁੱਖ ਦੇ ਨਾਲ ਅਨੇਕਾਂ ਜੀਵਾਂ ਦਾ ਵੀ ਚਿੱਤਰਣ ਕੀਤਾ ਗਿਆ ਹੈ। ਜਿਸ ਤੋਂ ਅਸੀਂ ਸਮਝ ਸਕਦੇ ਹਾਂ ਕਿ ਮਨੁੱਖ ਜੀਵਨ ਦੇ ਹੋਰ ਰੂਪਾਂ ਦੇ ਨਾਲ ਰਲ-ਮਿਲ ਕੇ ਰਹਿੰਦਾ ਰਿਹਾ ਹੈ।

**ਸਲੋਨੀ:** ਭਾਰਤ ਹੀ ਨਹੀਂ ਅਨੇਕਾਂ ਦੇਸ਼ਾਂ ਵਿਚ ਲੋਕ ਪੌਦਿਆਂ, ਜੀਵਾਂ, ਨਦੀਆਂ, ਮਹਾਂਸਾਗਰਾਂ, ਪਰਬਤਾਂ, ਹਵਾ, ਸੂਰਜ ਅਤੇ ਚੰਦ ਨੂੰ ਅਲੌਕਿਕ ਸ਼ਕਤੀ ਮੰਨਦੇ ਰਹੇ ਹਨ। ਸਾਡੇ ਦੇਸ਼ ਵਿਚ ਵੀ ਅਨੇਕਾਂ ਜੀਵਾਂ ਨੂੰ ਕਿਸੇ ਧਰਮ ਜਾਂ ਦੇਵਤਾ ਨਾਲ ਜੋੜਿਆ ਗਿਆ ਜਿਸ ਨਾਲ ਉਨ੍ਹਾਂ ਦੀ ਪੂਜਾ ਵੀ ਹੋਣ ਲੱਗੀ। ਇਸ ਪ੍ਰਕਾਰ ਜੀਵਾਂ ਨੂੰ ਸੁਰੱਖਿਆ ਮਿਲੀ।

**ਵਸੁਧਾ:** ਜੀਵ ਹੀ ਨਹੀਂ ਸਾਡੇ ਦੇਸ਼ ਵਿਚ ਜੰਗਲਾਂ ਨੂੰ ਵੀ ਦੇਵ-ਵਣ ਮੰਨ ਕੇ ਉਨ੍ਹਾਂ ਨੂੰ ਪੂਜਿਆ ਗਿਆ ਜਿਸ ਨਾਲ ਉਨ੍ਹਾਂ ਦਾ ਸੁਰੱਖਿਆ ਹੋ ਗਈ । ਪੂਰੇ ਦੇਸ਼ ਵਿਚ ਹਜ਼ਾਰਾਂ ਅਜਿਹੇ ਜੰਗਲ ਹਨ, ਜਿਨ੍ਹਾਂ ਨੂੰ ਪਵਿੱਤਰ ਮੰਨ ਕੇ ਪੂਜਿਆ ਜਾਂਦਾ ਹੈ। ਅਜਿਹੇ ਰੁੱਖਾਂ ਤੋਂ ਲੱਕੜ ਨਹੀਂ ਕੱਟੀ ਜਾਂਦੀ।

**ਹਰਬੰਸ:**ਮੇਰਾ ਦੋਸਤ ਵੀ ਦੱਸ ਰਿਹਾ ਸੀ, ਕਿ ਦਿੱਲੀ ਵਿਚ ਸੰਜ-ਵਣ ਵਿਚ ਲੱਗਿਆ ਇਕ ਛੋਟਾ ਜਿਹਾ ਜੰਗਲ ਹੈ ਜਿੱਥੇ ਕੋਈ ਵੀ ਲੱਕੜ ਨਹੀਂ ਕੱਟਦਾ।

**ਰਾਜੇਸ਼:** ਹਾਂ ਹਰਬੰਸ, ਉੱਥੇ ਇਕ ਦੇਵ-ਵਣ ਹੈ।

**ਸਲੋਨੀ:** ਦੇਵ-ਵਣ ਤਾਂ ਦੇਸ਼ ਭਰ ਵਿਚ ਫੈਲੇ ਹੋਏ ਹਨ। ਬਸ! ਉਨ੍ਹਾਂ ਦੇ ਨਾਮ ਅਲੱਗ-ਅਲੱਗ ਹਨ ਜਿਵੇਂ ਕਿ ਮਹਾਂਰਸ਼ਟਰ ਵਿਚ ਦੇਵਰਾਈ ਜਾਂ ਦੇਵਰਾਹਟੀ, ਰਾਜਸਥਾਨ ਵਿਚ ਔਰਾਂਸ, ਮੱਧ ਪ੍ਰਦੇਸ਼, ਝਾਰਖੰਡ ਅਤੇ ਬਿਹਾਰ ਵਿਚ ਸਰਨਾ। ਕੇਰਲ ਵਿਚ ਕਾਬੂ, ਤਮਿਲਨਾਡੂ ਵਿਚ ਕੋਵਿਲਕਾਡੂ ਅਤੇ ਮਣੀਪੁਰ ਵਿਚ ਲਾਏ ਓਮੰਗ ਕਹਿੰਦੇ ਹਨ।ਇਕੱਲੇ ਕਰਨਾਟਕ ਵਿਚ ਹੀ 1424 ਦੇਵ-ਵਣ ਹਨ।ਇਨ੍ਹਾਂ ਨੂੰ ਇਥੋਂ ਦੇ ਲੋਕ (ਸਥਾਨਕ ਨਿਵਾਸੀ) ਦੇਵਰਾਬਨ, ਦੇਵਰਾਕਾਡੂ ਜਾਂ ਨਾਗਵਣ ਕਹਿੰਦੇ ਹਨ।

**ਮਾਨਸੀ:** ਮਾਸੀ ਜੀ, ਕੀ ਭਾਰਤ ਦੇ ਪੂਰਬੀ ਖੇਤਰ ਵਿਚ ਹੀ ਅਜਿਹੇ ਦੇਵ-ਵਣ ਹਨ?

**ਸਲੋਨੀ:** ਵੈਸੇ ਤਾਂ ਪੂਰਬੀ ਭਾਰਤ ਬਹੁਤ ਹਰਿਆ-ਭਰਿਆ ਹੈ ਪਰ ਫਿਰ ਵੀ ਉਥੇ ਦੇਵ-ਵਣ ਹਨ। ਮੇਘਾਲਿਆ ਦੀਆਂ ਜੈਤੀਆ ਪਹਾੜੀਆਂ ਵਿਚ 30 ਏਕੜ ਦਾ ਸੰਘਣਾ ਦੇਵ-ਵਣ ਹੈ। ਜਿਸ ਨੂੰ "ਰਵਲਾ ਬਲਾਏ" ਕਹਿੰਦੇ ਹਨ। ਇਸ ਦੇਵ-ਵਣ ਵਿਚ ਜਾਣ ਵਾਸਤੇ ਜੁਤੇ ਉਤਾਰ ਕੇ ਜਾਣਾ ਪੈਂਦਾ ਹੈ !

**ਹਰਬੰਸ:**ਫਿਰ ਤਾਂ ਉਥੇ ਨਹੀਂ ਜਾਣਾ ਚਾਹੀਦਾ। ਕੀ ਪਤਾ ਕੋਈ ਕੰਡਾ ਚੁੰਭ ਜਾਏ।

**ਸਲੋਨੀ:** ਇਹ ਸੋਚ ਕੇ ਹੀ ਤਾਂ ਅਜਿਹੇ ਨਿਯਮ ਬਣਾਏ ਗਏ ਹੋਣਗੇ ਕਿ ਉੱਥੇ ਕੋਈ ਜਾ ਹੀ ਨਾ ਸਕੇ ਤੇ ਉੱਥੇ ਕੁਦਰਤ ਆਪਣੇ ਭਿੰਨ-ਭਿੰਨ ਰੂਪਾਂ ਵਿਚ ਕਾਇਮ ਰਹੇ।ਉੱਥੇ ਸੱਪ, ਕੀੜੇ-ਮਕੌੜੇ ਸਾਰੇ ਹਨ। ਹਾਂ, ਦੁਰਲੱਭ ਜਾਤੀਆਂ ਦੇ ਪੌਦੇ ਹਨ। ਭਿੰਨ-ਭਿੰਨ ਪ੍ਰਕਾਰ ਦੇ ਰੰਗ-ਬਿਰੰਗੇ ਪੰਛੀ ਹਨ। ਸਾਰੇ ਉਸ ਵਣ ਵਿਚ ਸੁਰੱਖਿਅਤ ਜੀਵਨ ਬਤੀਤ ਕਰ ਰਹੇ ਹਨ।

**ਰਾਜੇਸ਼:** ਦਰਅਸਲ, ਸਾਡੇ ਦੇਸ਼ ਵਿਚ ਸਦੀਆਂ ਪਹਿਲਾਂ ਹੀ ਸਮਾਜ ਇਹ ਸਮਝ ਗਿਆ ਸੀ ਕਿ ਧਰਤੀ 'ਤੇ ਸਾਰੇ ਜੀਵਾਂ ਦਾ ਮਹੱਤਵਪੂਰਨ ਯੋਗਦਾਨ ਹੈ। ਸ਼ਾਸਕਾਂ ਨੇ ਵੀ ਅਜਿਹੇ ਨਿਯਮ ਬਣਾਏ ਸਨ ਕਿ ਕੁਦਰਤ ਨੂੰ ਨੁਕਸਾਨ ਨਾ ਹੋਵੇ। ਸਮਰਾਟ ਅਸ਼ੋਕ ਦਾ ਵੀ ਮੰਨਣਾ ਸੀ ਕਿ ਇਕ ਰਾਜੇ ਦਾ ਫਰਜ਼ ਹੈ ਕਿ ਉਹ ਜੰਗਲੀ ਜੀਵਾਂ ਅਤੇ ਜੰਗਲਾਂ ਦੇ ਰੁੱਖਾਂ ਦੀ ਰੱਖਿਆ ਕਰੇ। ਉਸਦੇ ਅਜਿਹੇ ਆਦੇਸ਼ ਉਸਦੇ ਸ਼ਿਲਾਲੇਖਾਂ ਵਿਚ ਮਿਲੇ ਹਨ। ਰੁੱਖਾਂ ਦੇ ਵਿਨਾਸ਼ ਅਤੇ ਜਾਨਵਰਾਂ ਦੀਆਂ ਭਿੰਨ-ਭਿੰਨ ਪ੍ਰਜਾਤੀਆਂ ਦੀ ਹੱਤਿਆ 'ਤੇ ਰੋਕ ਲਗਾਉਣ ਦਾ ਇਹ ਇਕ ਇਤਿਹਾਸਕ ਸਬੂਤ ਹੈ।ਜੈਵਿਕ ਵੰਨ ਸੁਵੰਨਤਾ ਦੀ ਰਾਖੀ ਦਾ ਇਹ ਸ਼ਾਇਦ ਪੂਰੇ ਸੰਸਾਰ ਵਿਚ ਆਪਣੀ ਤਰ੍ਹਾਂ ਦਾ ਪਹਿਲਾ ਕਾਨੂੰਨ ਹੋਵੇ ।

**ਵਸੁਧਾ:** ਅਜਿਹਾ ਮੰਨਿਆ ਜਾਂਦਾ ਹੈ ਕਿ ਸਮਰਾਟ ਅਸ਼ੋਕ ਨੂੰ ਇਸ ਤਰ੍ਹਾਂ ਦੀ ਪ੍ਰੇਰਨਾ ਪ੍ਰਾਚੀਨ ਭਾਰਤ ਦੇ ਮਹਾਨ ਅਰਥਸ਼ਾਸਤਰੀ ਚਾਣੱਕਿਆ ਦੇ ਗ੍ਰੰਥਾਂ ਤੋਂ ਮਿਲੀ ਸੀ। ਸੈਕੜੇ ਸਾਲ ਪਹਿਲਾਂ ਚਾਣੱਕਿਆ ਨੇ ਆਪਣੇ ਗ੍ਰੰਥ ਅਰਥਸ਼ਾਸਤਰ ਵਿਚ ਵਾਤਾਵਰਣ ਸੁਰੱਖਿਆ ਸਬੰਧੀ ਨਿਯਮਾਂ ਦਾ ਹਵਾਲਾ ਦਿੱਤਾ ਸੀ। ਉਸਦੇ ਗ੍ਰੰਥ ਵਿਚ ਜੰਗਲ ਤੇ ਜੰਗਲੀ ਜੀਵਾਂ ਦੇ ਸੁਰੱਖਿਅਣ ਦੇ ਬਾਰੇ ਵਿਸਥਾਰ ਸਹਿਤ ਚਰਚਾ ਕੀਤੀ ਗਈ ਹੈ। ਸ਼ਹਿਰ ਨੂੰ ਪ੍ਰਦੂਸ਼ਿਤ ਕਰਨ ਵਾਲਿਆਂ ਦੇ ਲਈ ਸਜ਼ਾ ਦਾ ਪ੍ਰਾਵਧਾਨ ਦੀ ਗੱਲ ਵੀ ਇਸ ਗ੍ਰੰਥ ਵਿਚ ਹੈ।

**ਰਾਜੇਸ਼:** ਇਸ ਤੋਂ ਬਿਨਾ ਪ੍ਰਸਿੱਧ ਮਰਾਠਾ ਰਾਜਾ ਛਤਰਪਤੀ ਸ਼ਿਵਾਜੀ ਨੇ ਵੀ ਜੀਵਾਂ ਅਤੇ ਰੁੱਖਾਂ ਨੂੰ ਨੁਕਸਾਨ ਨਾ ਪਹੁੰਚਾਉਣ ਦਾ ਆਦੇਸ਼ ਜਾਰੀ ਕੀਤਾ ਸੀ। ਸ਼ਿਵਾਜੀ ਨੇ ਪਾਣੀ ਅਤੇ ਜੰਗਲਾਂ ਦੀ ਰੱਖਿਆ ਦਾ ਐਲਾਨ ਕੀਤਾ ਸੀ। ਇਨ੍ਹਾਂ ਦੀ ਹੀ ਤਰ੍ਹਾਂ ਮਾਲਵਾ ਦੀ ਦੇਵੀ ਅਹੱਲਿਆ ਬਾਈ ਨੇ ਵੀ ਰਸਤਿਆਂ ਦੇ ਆਲੇ-ਦੁਆਲੇ ਰੁੱਖ ਲਗਾਉਣ 'ਤੇ ਜ਼ੋਰ ਦਿੱਤਾ ਸੀ ਤਾਂ ਕਿ ਇਕ ਸਥਾਨ ਤੋਂ ਦੂਜੇ ਸਥਾਨ 'ਤੇ ਜਾਣ ਵਾਲੇ ਯਾਤਰੀ ਇਨ੍ਹਾਂ ਥੱਲੇ ਅਰਾਮ ਕਰ ਸਕਣ।

**ਮਾਨਸੀ:** ਪਾਪਾ, ਗੌਤਮ ਬੁੱਧ ਨੇ ਵੀ ਤਾਂ ਜੀਵਾਂ ਦੇ ਪ੍ਰਤੀ ਅਹਿੰਸਾ ਦੇ ਭਾਵ ਦਾ ਪ੍ਰਚਾਰ ਕੀਤਾ ਸੀ।

**ਰਾਜੇਸ਼:** ਹਾਂ, ਉਨ੍ਹਾਂ ਨੇ ਕੁਦਰਤ ਦੇ ਪ੍ਰਤੀ ਵੀ ਅਹਿੰਸਾ ਦਾ ਭਾਵ ਰੱਖਿਆ। ਸਾਰਿਆਂ ਨੂੰ ਜੰਗਲ, ਮਿੱਟੀ, ਪਾਣੀ ਆਦਿ ਦੀ ਰੱਖਿਆ ਕਰਨ ਦੀ ਸਿੱਖਿਆ ਦਿੱਤੀ।ਇਸੇ ਪ੍ਰਕਾਰ ਜੈਨ ਧਰਮ ਵੀ ਜੀਵਾਂ ਦੇ ਪ੍ਰਤੀ ਸਨੇਹ ਨੂੰ ਪ੍ਰੇਰਿਤ ਕਰਦਾ ਹੈ। ਇਸੇ ਪ੍ਰਕਾਰ ਹੋਰ ਧਰਮ-ਸਿੱਖ, ਪਾਰਸੀ, ਇਸਾਈ ਤੇ ਇਸਲਾਮ ਸਾਰੇ ਧਰਮ ਹੀ ਵਾਤਾਵਰਨ ਦੀ ਰੱਖਿਆ ਲਈ ਸਾਨੂੰ ਪ੍ਰੇਰਿਤ ਕਰਦੇ ਹਨ।

**ਸਲੋਨੀ:** ਜ਼ਿਆਦਾ ਪੁਰਾਣੀ ਗੱਲ ਨਹੀਂ ਹੈ ਜਦੋਂ ਖੇਜਡਲੀ ਪਿੰਡ ਦੇ ਬਿਸ਼ਨੋਈਆਂ ਨੇ ਕੁਰਬਾਨੀ ਦੇ ਕੇ ਰੁੱਖਾਂ ਨੂੰ ਬਚਾਇਆ ਸੀ। ਇਹ ਸਮਾਜ ਅੱਜ ਵੀ ਰੁੱਖਾਂ ਅਤੇ ਹਿਰਨਾਂ ਦੀ ਰੱਖਿਆ ਦੇ ਲਈ ਪ੍ਰਤੀਬੱਧ ਹੈ।

**ਹਰਬੰਸ:**ਮਾਸੀ ਜੀ, ਪੂਰੀ ਗੱਲ ਦੱਸੋ। ਅਜਿਹਾ ਕੀ ਹੋਇਆ ਸੀ ਉਸ ਵਕਤ , ਹੈ ਜਿਸ ਕਰਕੇ ਨਾਮ ਇਸ ਸਮਾਜ ਦਾ ਅੱਜ ਵੀ ਸਾਡੀਆਂ ਕਿਤਾਬਾਂ ਦੇ ਵਿਚ ।

**ਸਲੋਨੀ:** ਬੱਚਿਓ! ਜੋਧਪੁਰ ਦਾ ਕਿਲ੍ਹਾ ਬਣ ਰਿਹਾ ਸੀ।ਜ਼ਰੂਰਤ ਪਈ ਉਨ੍ਹਾਂ ਨੂੰ ਲੱਕੜੀ ਦੀ ! ਚੂਨੇ ਦੀਆਂ ਭੱਠੀਆਂ ਦੇ ਲਈ ।ਰਾਜੇ ਦੇ ਹੁਕਮ ਨਾਲ ਸੈਨਿਕ ਖੇਜੜੀ ਦੇ ਰੁੱਖ ਕੱਟਣ ਪਹੁੰਚੇ। ਉਦੋਂ ਹੀ ਉਥੋਂ ਦੇ ਕੁਝ ਪਿੰਡ ਵਾਸੀ ਅਮਸ਼ਾ ਦੇਵੀ ਦੀ ਅਗਵਾਈ ਉਥੇ ਪਹੁੰਚ ਗਏ। ਅਮਸ਼ਾ ਨੇ ਸੈਨਿਕਾਂ ਨੂੰ ਕਿਹਾ ਕਿ ਮੈਂ ਆਪਣੀ ਜਾਨ ਦੇ ਦਵਾਂਗੀ ਪਰ ਖੇਜੜੀ ਨਹੀਂ ਕੱਟਣ ਦੇਵਾਂਗੀ। ਉਸ ਸਮੇਂ ਸੈਕੜੇ ਲੋਕਾਂ ਨੇ ਰੁੱਖਾਂ ਲਈ ਆਪਣੇ ਆਪ ਨੂੰ ਕੁਰਬਾਨ ਕਰ ਦਿੱਤਾ।

**ਰਾਜੇਸ਼:** ਇਸੇ ਤਰ੍ਹਾਂ ਦੀ ਕਹਾਣੀ ਚਿਪਕੋ ਅੰਦੋਲਨ ਦੀ ਹੈ ਜਿਸ ਵਿਚ ਗੜਵਾਲ ਦੇ ਟੇਹਰੀ ਪਿੰਡ ਦੀ ਗੌਰਾਂ ਦੇਵੀ ਅਤੇ ਪਿੰਡ ਦੀਆਂ ਔਰਤਾਂ ਨੇ ਮਿਲ ਕੇ ਠੇਕੇਦਾਰ ਦੇ ਆਦਮੀਆਂ ਨੂੰ ਰੁੱਖ ਨਹੀਂ ਕੱਟਣ ਦਿੱਤੇ। ਉਹ ਰੁੱਖਾਂ ਨਾਲ ਚਿਪਕ ਗਈਆਂ ਸਨ। ਇਸ ਲਈ ਇਸ ਅੰਦੋਲਨ ਨੂੰ ਚਿਪਕੋ ਅੰਦੋਲਨ ਆਖਿਆ ਗਿਆ।

**ਵਸੁਧਾ:** ਅੱਜ ਉਤਰਾਖੰਡ ਅਤੇ ਪਹਾੜੀ ਰਾਜਾਂ ਵਿਚ ਕੁਦਰਤ ਦਾ ਜਿਹੜਾ ਅੰਧਾਧੁੰਦ ਦੋਹਨ ਹੋ ਰਿਹਾ ਹੈ ਉਸਨੂੰ ਰੋਕਣ ਲਈ ਅਜਿਹੀ ਹੀ ਸੰਕਲਪ ਸ਼ਕਤੀ ਦੀ ਜ਼ਰੂਰਤ ਹੈ।

**ਸਲੋਨੀ:** ਵੈਸੇ ਚੰਡੀ ਪ੍ਰਸਾਦ ਭੱਟ ਅਤੇ ਸੁੰਦਰ ਲਾਲ ਬਹੁਗੁਣਾ ਵਰਗੇ ਵਾਤਾਵਰਣ ਪ੍ਰੇਮੀਆਂ ਨੇ ਜਲ, ਜੰਗਲ ਅਤੇ ਹਵਾ ਦੀ ਸ਼ੁੱਧਤਾ ਨੂੰ ਲੈ ਕੇ ਉੱਚ ਪੱਧਰ 'ਤੇ ਜਨਤਾ ਨੂੰ ਜਾਗਰੂਕ ਕੀਤਾ ਹੈ।

**ਰਾਜੇਸ਼:** ਅਤੇ ਅੱਜ ਵੀ ਅਨੇਕਾਂ ਲੋਕ ਵਾਤਾਵਰਨ ਨੂੰ ਸੁਰੱਖਿਅਤ ਰੱਖਣ ਲਈ ਯਤਨਸ਼ੀਲ ਹਨ। ਵੈਸੇ ਜੰਗਲਾਂ ਦੀ, ਪਾਣੀ ਤੇ ਮਿੱਟੀ ਦੀ ਸੁਰੱਖਿਆ ਸਬੰਧੀ ਸਾਡੇ ਦੇਸ਼ ਵਿਚਲੀਆਂ ਪ੍ਰਾਚੀਨ ਧਾਰਣਾਵਾਂ ਦੀ ਮਹੱਤਤਾ ਆਧੁਨਿਕ ਯੁੱਗ ਵਿਚ ਹੋਰ ਵੀ ਜ਼ਿਆਦਾ ਵਧ ਜਾਂਦੀ ਹੈ।

**ਵਸੁਧਾ:** ਸਾਡੇ ਦੇਸ਼ ਦੇ ਹਰ ਹਿੱਸੇ ਵਿਚ ਪਾਣੀ ਨੂੰ ਬਚਾਉਣ ਦੀ ਪਰੰਪਰਾ ਰਹੀ ਹੈ। ਤਲਾਬਾਂ, ਖੂਹਾਂ, ਬਾਵੜੀਆਂ, ਝਰਨਿਆਂ, ਪੋਖਰਾਂ ਆਦਿ ਦੁਆਰਾ ਪਾਣੀ ਦੀ ਬੂੰਦ-ਬੂੰਦ ਨੂੰ ਬਚਾਇਆ ਜਾਂਦਾ ਰਿਹਾ ਹੈ। ਨਦੀਆਂ ਨੂੰ ਪਵਿੱਤਰ ਮੰਨ ਕੇ ਉਨ੍ਹਾਂ ਨੂੰ ਦੇਵੀਆਂ ਵਾਂਗੂ ਪੂਜਿਆ ਗਿਆ ਹੈ। ਆਸਥਾ (ਸ਼ਰਧਾ) ਦੇ ਨਾਲ-ਨਾਲ ਜਲ ਸੁਰੱਖਿਆ ਦੀ ਭਾਵਨਾ ਹੀ ਰਹੀ ਹੈ। ਦੇਸ਼ ਦੇ ਦੱਖਣੀ ਭਾਗ ਵਿਚ ਰਹਿਣ ਵਾਲੇ ਨਾਗਰਿਕ ਉੱਤਰੀ ਖੇਤਰ ਦੀਆਂ ਨਦੀਆਂ ਦਾ ਪਵਿੱਤਰ ਪਾਣੀ ਲੈ ਕੇ ਆਪਣੇ ਘਰਾਂ ਵਿਚ ਰੱਖਦੇ ਹਨ। ਇਹ ਪ੍ਰਤੀਕ ਹੈ ਪਾਣੀ ਦੇ ਮਹੱਤਵ ਨੂੰ ਸਮਝਣ ਦਾ, ਉਸਦੇ ਸੁਰੱਖਿਅਣ ਦਾ।

**ਰਾਜੇਸ਼:** ਅਤੇ ਹਾਂ, ਸਾਡੇ ਦੇਸ਼ ਵਿਚ ਤਾਂ ਅਨਾਜ ਦੇ ਇੱਕ-ਇੱਕ ਕਣ ਨੂੰ ਵਿਅਰਥ ਨਾ ਜਾਣ ਦੇਣ ਦੀ ਪਰੰਪਰਾ ਵੀ ਰਹੀ ਹੈ। ਸਾਡੇ ਦੇਸ਼ ਵਿਚ ਇਕ ਰਿਸ਼ੀ ਦਾ ਨਾਮ ਕਣਾਦ ਇਸ ਲਈ ਪਿਆ ਕਿਉਂਕਿ ਉਹ ਫਸਲ ਕੱਟਣ ਤੋਂ ਬਾਅਦ ਖੇਤ ਵਿੱਚੋਂ ਅਨਾਜ ਦੇ ਇਕ-ਇਕ ਦਾਣੇ ਨੂੰ ਚੁੱਕ ਕੇ ਪੇਟ ਭਰਦਾ ਸੀ। ਇਸ ਪ੍ਰਕਾਰ ਉਨ੍ਹਾਂ ਤੋਂ ਅਸੀਂ ਅਨਾਜ ਦੇ ਹਰ ਦਾਣੇ ਦਾ ਪੂਰਾ ਉਪਯੋਗ ਕਰਨਾ ਸਿੱਖ ਸਕਦੇ ਹਾਂ।

**ਮਾਨਸੀ:** ਇਹ ਗੱਲ ਤਾਂ ਹਰਬੰਸ ਨੂੰ ਸਮਝਾਉਣਾ ਬਹੁਤ ਜ਼ਰੂਰੀ ਹੈ। ਉਹ ਅਕਸਰ ਸਕੂਲ ਵਿਚ ਆਪਣਾ ਟਿਫਨ ਖ਼ਤਮ ਨਹੀਂ ਕਰਦਾ। ਉਹ ਤਾਂ ਘਰ ਵਿਚ ਵੀ ਕਦੇ-ਕਦਾਈ ਬਹੁਤ ਸਾਰਾ ਖਾਣਾ ਜੂਠਾ ਛੱਡ ਦਿੰਦਾ ਹੈ।

**ਹਰਬੰਸ:**ਦੀਦੀ, ਤੁਸੀਂ ਤਾਂ ਹਰ ਸਮੇਂ ਮੇਰੀ ਸ਼ਿਕਾਇਤ ਹੀ ਕਰਦੇ ਰਹਿੰਦੇ ਹੋ।

**ਰਾਜੇਸ਼:** ਆਪਣੀਆਂ ਆਦਤਾਂ ਸੁਧਾਰ ਲੈ ਤੂੰ ! ਕਿਸੇ ਨੂੰ ਮੌਕਾ ਹੀ ਨਾ ਮਿਲੇ ਤੇਰੀ ਸ਼ਿਕਾਇਤ ਕਰਨ ਦਾ !

**ਸਲੋਨੀ:** ਵੈਸੇ ਇਹ ਗੱਲ ਤਾਂ ਸੱਚ ਹੈ ਕਿ ਸਾਨੂੰ ਕਿਸੇ ਨੂੰ ਵੀ ਖਾਣਾ ਅਜਾਈਂ ਨਹੀਂ ਸੁੱਟਣਾ ਚਾਹੀਦਾ। ਅੱਜ ਵੀ ਵਿਸ਼ਵ

ਵਿਚ ਲੱਖਾਂ ਲੋਕ ਅਜਿਹੇ ਹਨ ਜਿਨ੍ਹਾਂ ਨੂੰ ਢਿੱਡ ਭਰ ਕੇ ਖਾਣਾ ਨਹੀਂ ਮਿਲਦਾ।

**ਮਾਨਸੀ:** ਮਾਸੀ ਜੀ, ਜੇਕਰ ਪ੍ਰਾਚੀਨ ਕਾਲ ਤੋਂ ਹੀ ਸਾਡੇ ਇੱਥੇ ਵਾਤਾਵਰਣ ਦੀ ਸੁਰੱਖਿਆ ਨਾਲ ਸਬੰਧਿਤ ਐਨੇ ਚੰਗੇ ਵਿਚਾਰ ਰਹੇ ਹਨ ਤਾਂ ਅੱਜ ਅਜਿਹੇ ਹਾਲਾਤ ਕਿਉਂ ਹੋ ਰਹੇ ਹਨ? ਅੱਜ ਨਾ ਸਾਫ ਪਾਣੀ ਬਚਿਆ ਹੈ ਤੇ ਨਾ ਹੀ ਹਵਾ।

**ਸਲੋਨੀ:** ਬੇਟੀ, ਇਹੀ ਤਾਂ ਚਿੰਤਨ ਦਾ ਵਿਸ਼ਾ ਹੈ। ਉਪਭੋਗਤਾਵਾਦ (ਪੂੰਜੀਵਾਦ) ਦੀ ਵਧਦੀ ਸੋਚ ਦੇ ਕਾਰਨ ਅਸੀਂ ਆਪਣੀਆਂ ਪ੍ਰਾਚੀਨ ਪ੍ਰੰਪਰਾਵਾਂ ਅਤੇ ਸੰਸਕਾਰਾਂ ਨੂੰ ਭੁੱਲ ਬੈਠੇ ਹਾਂ। ਅਸੀਂ ਕੇਵਲ ਕੁਦਰਤ ਦੀ ਲੁੱਟ ਹੀ ਕਰ ਰਹੇ ਹਾਂ। ਪੂਰੇ ਵਿਸ਼ਵ ਦੇ ਇਹੀ ਹਾਲਾਤ ਹਨ।

**ਰਾਜੇਸ਼:** ਇਸੇ ਲਈ ਇਸ ਸਮੇਂ ਪੂਰਾ ਵਿਸ਼ਵ ਟਿਕਾਊ ਵਿਕਾਸ ਦੀ ਗੱਲ ਕਰ ਰਿਹਾ ਹੈ ਜਿਸ ਵਿਚ ਵਿਕਾਸ ਅਤੇ ਵਾਤਾਵਰਨ ਦੋਵਾਂ ਦਾ ਸਤੁੰਲਨ ਕਾਇਮ ਰਹਿ ਸਕੇ।

**ਸਲੋਨੀ:** ਕੁਝ ਸਾਲਾਂ ਤੋਂ ਸੰਸਾਰ ‘ਚ ਨੇ ਅੰਧਾਧੁੰਦ ਵਿਕਾਸ ਬਾਰੇ ਖੋਜ/ਅਧਿਐਨ ਕਾਰਜ ਆਰੰਭ ਕਰ ਦਿੱਤੇ ਹਨ ਤਾਂ ਕਿ ਵਾਤਾਵਰਣ 'ਤੇ ਇਸ ਨਾਲ ਬੁਰਾ ਪ੍ਰਭਾਵ ਨਾ ਪਏ। ਇਸੇ ਗੱਲ ਨੂੰ ਧਿਆਨ ਵਿਚ ਰੱਖਦੇ ਹੋਏ। ਸੰਨ 1992 ਵਿਚ ਵਾਤਾਵਰਨ 'ਤੇ ਸਟਾਕਹੋਮ ਸੰਮੇਲਨ ਹੋਇਆ। ਇਸੇ ਦੌਰਾਨ ਰਿਉ ਡੀ ਜੇਨਿਰੀਉ ਵਿਚ ਸੰਯੁਕਤ ਰਾਸ਼ਟਰ ਦੁਆਰਾ ਮਨੁੱਖੀ ਵਾਤਾਵਰਨ ਅਤੇ ਵਿਕਾਸ ਦੇ ਮੁੱਦੇ 'ਤੇ ਸੰਮੇਲਣ ਦਾ ਆਯੋਜਨ ਵੀ ਕੀਤਾ ਗਿਆ। ਇਨ੍ਹਾਂ ਸੰਮੇਲਨਾਂ ਦੀ ਬਦੌਲਤ ਵਿਸ਼ਵ ਦਾ ਧਿਆਨ ਟਿਕਾਊ ਵਿਕਾਸ ਵੱਲ ਗਿਆ ਹੈ ।

**ਰਾਜੇਸ਼:** ਇਸ ਦੇ ਲਈ ਪ੍ਰਾਚੀਨ ਪਰੰਪਰਾਵਾਂ ਦੇ ਨਾਲ-ਨਾਲ ਆਧੁਨਿਕ ਤਕਨੀਕਾਂ ਦੀ ਵਰਤੋਂ ਕਰਕੇ ਹੋਰ ਚੰਗੇ ਹੱਲ ਲੱਭਣ ਦੇ ਯਤਨ ਵੀ ਆਰੰਭ ਹੋ ਰਹੇ ਹਨ।ਦਰਅਸਲ ਵਿਸ਼ਵ ਦੀਆਂ ਸਾਰੀਆਂ ਸੱਭਿਅਤਾਵਾਂ ਵਿਚ ਕੁਦਰਤੀ ਸੁਰੱਖਿਆ ਨਾਲ ਜੁੜੇ ਮੂਲ ਮੁੱਦੇ ਮੌਜੂਦ ਰਹੇ ਹਨ।ਅਨੇਕਾਂ ਪ੍ਰਾਚੀਨ ਸੰਸਕ੍ਰਿਤੀਆਂ ਸਾਨੂੰ ਦੱਸਦੀਆਂ ਹਨ ਕਿ ਕਿਸ ਪ੍ਰਕਾਰ ਅਸੀਂ ਕੁਦਰਤ ਦੇ ਨਾਲ ਮਧੁਰ ਸਬੰਧ ਬਣਾਉਂਦੇ ਹੋਏ ਜੀਵਨ ਗੁਜ਼ਾਰ ਸਕਦੇ ਹਾਂ।ਇਨ੍ਹਾਂ ਸਬੰਧਾਂ ਨਾਲ ਅਜਿਹੇ ਮਾਹੌਲ ਜਾਂ ਪ੍ਰਸਥਿਤਿਕ ਤੰਤਰ ਦਾ ਨਿਰਮਾਣ ਹੁੰਦਾ ਹੈ ਜਿਸ ਵਿਚ ਕੁਦਰਤੀ ਸਾਧਨਾਂ ਦੀ ਸੁਰੱਖਿਆ ਵੀ ਹੋਵੇ ਅਤੇ ਵਾਤਾਵਰਨ ਵੀ ਸੁਰੱਖਿਅਤ ਰਹੇ।

**ਸਲੋਨੀ:** ਲੋਕਾਂ ਨੇ ਭਾਰਤ ਅਤੇ ਦੁਨੀਆ ਭਰ ਵਿਚ ਕੁਦਰਤੀ ਸੁਰੱਖਿਆ ਦੀਆਂ ਸਮਰੱਥਕ ਸੰਸਕ੍ਰਿਤਕ ਪਰੰਪਰਾਵਾਂ ਨੂੰ ਖੋਜਣਾ ਆਰੰਭ ਕਰ ਦਿੱਤਾ ਹੈ ਤਾਂ ਜੋ ਵਾਤਾਵਰਣ ਦੇ ਨਾਲ-ਨਾਲ ਵਿਕਾਸ ਦੇ ਪੰਧ 'ਤੇ ਅੱਗੇ ਵਧਿਆ ਜਾ ਸਕੇ।

**ਰਾਜੇਸ਼:** ਬਿਲਕੁਲ ਸਹੀ ਕਿਹਾ ਸਲੋਨੀ, ਵੈਸੇ ਅਜਿਹੇ ਸਮੇਂ ਜਦੋਂ ਪੂਰੇ ਸੰਸਾਰ ਵਿਚ ਲੋਕ ਵਾਤਾਵਰਨ ਨੂੰ ਹੋਣ ਵਾਲੇ ਨੁਕਸਾਨ ਦੇ ਪ੍ਰਤੀ ਚਿੰਤਤ ਹੋਣ, ਤਾਂ ਕੁਦਰਤੀ ਸੁਰੱਖਿਆ ਦਾ ਪਰੰਪਰਾਗਤ ਮੂਲ ਸਾਡੇ ਲਈ ਭਵਿੱਖ ਵਿਚ ਪ੍ਰੇਰਣਾ ਅਤੇ ਮਾਰਗ ਦਰਸ਼ਨ ਦਾ ਕੰਮ ਕਰੇਗਾ।

**ਸਲੋਨੀ**: ਹਾਂ, ਸਾਨੂੰ ਸਾਰਿਆਂ ਨੂੰ ਆਪਣੇ ਸਮਾਜ ਵਿਚ ਪ੍ਰਚਲਿਤ ਅਜਿਹੀਆਂ ਆਦਤਾਂ, ਪਰੰਪਰਾਵਾਂ ਨੂੰ ਸਮਝਣਾ ਹੋਵੇਗਾ। ਜਿਨ੍ਹਾਂ ਰਾਹੀਂ ਅਸੀਂ ਟਿਕਾਊ ਵਿਕਾਸ ਨੂੰ ਪ੍ਰਾਪਤ ਕਰ ਸਕਾਂਗੇ। ਜ਼ਰੂਰੀ ਨਹੀਂ ਕਿ ਅਜਿਹੇ ਵਿਚਾਰ ਸਿੱਖਿਅਤ ਜਾਂ ਆਧੂਨਿਕ ਸਮਾਜ ਵਿਚ ਹੀ ਹੋਣ। ਸਾਨੂੰ ਅਜਿਹੇ ਵਿਚਾਰ ਆਦਿ ਵਾਸੀ ਖੇਤਰਾਂ, ਦੁਨੀਆ ਦੀ ਚਕਾਚੌਂਧ ਤੋਂ ਦੂਰ ਰਹਿਣ ਵਾਲੇ ਜੰਗਲਾਂ ਦੇ ਸਮਾਜ ਤੋਂ ਵੀ ਮਿਲ ਸਕਦੇ ਹਨ। ਕੁਝ ਵੀ ਹੋਵੇ ਸਾਨੂੰ ਬਸ ਇਸ ਦੁਨੀਆ ਨੂੰ ਹੋਰ ਚੰਗਾ ਬਣਾਉਣਾ ਹੋਵੇਗਾ। ਉਸ ਲਈ ਸਾਨੂੰ ਚਾਹੇ ਕਿਸੇ ਤੋਂ ਵੀ ਸਿੱਖਿਆ ਲੈਣੀ ਪਏ।

**ਰਾਜੇਸ਼:** ਇਸ ਦਿਸ਼ਾ ਵਿਚ ਸਾਡੇ ਲਈ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦੇ ਵਿਚਾਰ ਇਕ ਮਾਰਗ ਦਰਸ਼ਨ ਦੀ ਤਰ੍ਹਾਂ ਕੰਮ ਕਰਨਗੇ। ਉਨ੍ਹਾਂ ਨੇ ਕਿਹਾ ਸੀ "ਇਹ ਧਰਤੀ ਸਾਰਿਆਂ ਦੀਆਂ ਜ਼ਰੂਰਤਾਂ ਪੂਰੀਆਂ ਕਰ ਸਕਦੀ ਹੈ ਪਰ ਕਿਸੇ ਇਕ ਵੀ ਇਨਸਾਨ ਦਾ ਲਾਲਚ ਨਹੀ"। ਕਹਿਣ ਦਾ ਭਾਵ ਹੈ ਕਿ ਧਰਤੀ ਦੀ ਲੁੱਟ ਨਾ ਕਰਕੇ ਕੇਵਲ ਜ਼ਰੂਰਤ ਅਨੁਸਾਰ ਹੀ ਉਸਦਾ ਇਸਤੇਮਾਲ ਕਰਨ ਨਾਲ ਸਾਡੀ ਧਰਤੀ ਸਦਾ ਜੀਵਨ ਦਾਈ ਬਣੀ ਰਹੇਗੀ ।

**ਵਸੁਧਾ:** ਤਾਂ ਹੀ ਆਉਣ ਵਾਲਾ ਕੱਲ੍ਹ, ਸਾਡੀਆਂ ਪੀੜ੍ਹੀਆਂ ਦੇ ਲਈ ਸੁਖੀ ਅਤੇ ਸ਼ਾਂਤਮਈ ਸਾਬਤ ਹੋ ਸਕੇਗਾ।

---------------------ਸਮਾਪਤ-------------------

**ਵਿਗਿਆਨ ਪ੍ਰਸ਼ਨੋਤਰੀ**

**ਪ੍ਰਸ਼ਨ1.** ਚਿਪਕੋ ਅਮਦਲੋਨ ਕਿਉਂ ਹੋਇਆ ?

ਉਤੱਰ: ਟੀਹਰੀ ਗੜ੍ਹਵਾਲ ਵਿੱਚ ਗੌਰਾਂ ਦੇਵੀ ਨੇ ਰੁੱਖਾਂ ਨਾਲ ਜੱਫੀ ਪਾ ਕੇ  ਭਾਵ੍ੁੱਖਾਂ ਨਾਲ ਚਿਪਕ ਕੇ ਠੇਕੇਦਾਰ  ਨੂੰ ਰੁੱਖ ਕੱਟਣ ਤੋਂ ਰੋਕਿਆ

**ਪ੍ਰਸ਼ਨ2.** ਕੀ ਕੁਦਰਤੀ ਸਾਧਨਾਂ ਦੀ ਸੁਰੱਖਿਆ ਕੇਵਲ ਪੁਰਾਤਨ ਭਾਰਤ ਵਿੱਚ ਹੀ ਸੀ ?

ਉੱਤਰ: ਨਹੀਂ ! ਭਾਰਤ ਦੇ ਨਾਲ-ਨਾਲ ਅਨੇਕਾਂ ਦੇਸ਼ਾਂ ਵਿਚ ਲੋਕ ਪੌਦਿਆਂ, ਜੀਵਾਂ, ਨਦੀਆਂ, ਮਹਾਂਸਾਗਰਾਂ, ਪਰਬਤਾਂ, ਹਵਾ, ਸੂਰਜ ਅਤੇ ਚੰਦ ਨੂੰ  ਪੂਜਣ ਯੋਗ ਮੰਨਦੇ ਰਹੇ ਹਨ ਇਸ ਨਾਲ ਜੀਵਾਂ ਤੇ ਕੁਦਰਤੀ ਸਾਧਨਾਂ ਨੂੰ ਸੁਰੱਖਿਆ ਮਿਲੀ।